# ਸਹਾਇਕ ਆਬਕਾਰੀ ਤੇ ਕਰ ਕਮਿਸ਼ਨਰ

ਇਹ ਦਫ਼ਤਰ ਜ਼ਿਲ੍ਹਾ ਪੱਧਰ ਤੇ ਸਹਾਇਕ ਆਬਕਾਰੀ ਤੇ ਕਰ ਕਮਿਸ਼ਨਰ, ਅਧੀਨ ਕੰਮ ਕਰਦਾ ਹੈ। ਇਹ ਦਫ਼ਤਰ ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ ਵਿੱਚ ਸਥਿਤ ਹੈ। ਇਸ ਦਾ ਟੈਲੀਫੋਨ ਨੰ: 220320 ਹੈ। ਇਸ ਦਫ਼ਤਰ ਵਿਚ 6 ਆਬਕਾਰੀ ਤੇ ਕਰ ਅਫ਼ਸਰ ਕੰਮ ਕਰਦੇ ਹਨ, ਜਿਨ੍ਹਾਂ ਵਿਚੋਂ ਪੰਜ ਸੇਲ ਟੈਕਸ ਦਾ ਕੰਮ ਦੇਖਦੇ ਹਨ ਅਤੇ ਇਕ ਆਬਕਾਰੀ ਬਰਾਂਚ ਦਾ ਕੰਮ ਕਰਦੇ ਹਨ। ਇਨ੍ਹਾਂ ਦੇ ਅਧੀਨ ਪੰਜ ਟੈਕਸੇਸ਼ਨ ਇੰਸਪੈਕਟਰ, ਸੱਤ ਆਬਕਾਰੀ ਇੰਨਸਪੈਕਟਰ ਹਨ ਜੋ ਆਪਣੇ ਆਪਣੇ ਵਾਰਡਾਂ ਵਿਚ ਸੇਲ ਟੈਕਸ ਆਬਕਾਰੀ ਦਾ ਕੰਮ ਕਰਦੇ ਹਨ। ਇਸ ਤੋਂ ਇਲਾਵਾ ਇਸ ਜ਼ਿਲ੍ਹੇ ਵਿਚ ਪੰਜ ਇਨਫਰਮੇਸ਼ਨ ਕੁਲੈਕਟਰ ਸੈਂਟਰ ਹਨ, ਜੋ ਸੇਲ ਟੈਕਸ ਦੀ ਚੋਰੀ ਨੂੰ ਰੋਕਣ ਲਈ ਸਥਾਪਿਤ ਕੀਤੇ ਗਏ ਹਨ। ਇਨ੍ਹਾਂ ਸੈਂਟਰਾਂ ਦਾ ਇੰਚਾਰਜ ਈ.ਟੀ.ਓ. ਹੁੰਦਾ ਹੈ ਅਤੇ ਉਸਦੇ ਅਧੀਨ ਚਾਰ-ਚਾਰ ਟੈਕਸੇਸ਼ਨ ਇੰਸਪੈਕਟਰ, ਪੁਲਿਸ ਸਟਾਫ ਅਤੇ ਦਰਜਾ ਚਾਰ ਕਰਮਚਾਰੀ ਕੰਮ ਕਰਦੇ ਹਨ। ਇਸ ਦਫ਼ਤਰ ਵਿਚ ਮਨਿਸਟੀਰੀਅਲ ਸਟਾਫ਼ ਵਿਚ 30 ਕਰਮਚਾਰੀ, ਦਰਜਾ ਚਾਰ 38 ਕਰਮਚਾਰੀ ਅਤੇ ਆਬਕਾਰੀ ਬਰਾਂਚ ਵਿਚ 29 ਪੁਲਿਸ ਕਰਮਚਾਰੀ ਕੰਮ ਕਰਦੇ ਹਨ।

**ਵਿਕਰੀ ਕਰ ਐਕਟ ਸਬੰਧੀ ਜਾਣਕਾਰੀ ਨਿਰਧਾਰਨ ਸਬੰਧੀ**

ਹਰ ਇੱਕ ਰਜਿਸਟਰਡ ਵਪਾਰੀ ਵਲੋਂ ਮਾਹਵਾਰੀ ਤਿਮਾਹੀ ਗੋਸ਼ਵਾਰਾ ਬਣਦੇ ਟੈਕਸ ਅਨੁਸਾਰ ਵਿਕਰੀ ਕਰ ਦਫ਼ਤਰ ਦਾਖਲ ਕੀਤੇ ਜਾਂਦੇ ਹਨ। ਮਾਲੀ ਸਾਲ ਖਤਮ ਹੋਣ ਤੋਂ ਬਾਅਦ ਵਪਾਰੀ ਵਲੋਂ ਦਿੱਤੇ ਗੋਸ਼ਵਾਰਿਆਂ ਦਾ ਨਿਰਧਾਰਨ ਕੀਤਾ ਜਾਂਦਾ ਹੈ। ਇਸ ਸੰਬੰਧੀ ਵਪਾਰੀ ਨੂੰ ਨੋਟਿਸ ਐਸ.ਟੀ.-14 ਦਿੱਤਾ ਜਾਂਦਾ ਹੈ। ਕਿਸੇ ਤਰ੍ਹਾਂ ਦਾ ਫਰਕ ਨਿਕਲਣ ਤੇ ਟੈਕਸ ਅਤੇ ਢੁੱਕਵਾਂ ਜ਼ੁਰਮਾਨਾ ਵੀ ਲਗਾਇਆ ਜਾਂਦਾ ਹੈ।

**ਜ਼ੁਰਮਾਨਾ ਲਗਾਉਣ ਬਾਰੇ**

ਹਰ ਇਕ ਰਜਿਸਟਰਡ ਵਪਾਰੀ ਨੂੰ ਆਪਣੀ 100 ਰੁ. ਜਾਂ ਉਸ ਤੋਂ ਵੱਧ ਵਿਕਰੀ ਕਰਨ ਤੇ ਬਿੱਲ ਜਾਰੀ ਕਰਨਾ ਜ਼ਰੂਰੀ ਹੈ। ਜੇਕਰ ਉਹ ਬਿੱਲ ਜਾਰੀ ਨਹੀਂ ਕਰਦਾ ਤਾਂ ਫੜੇ ਜਾਣ ਤੇ ਵਿਕਰੀ ਕਰ ਦੀ ਧਾਰਾ 13 (3) ਅਧੀਨ ਉਸ ਨੂੰ 2000/- ਰੁ. ਤੱਕ ਜ਼ੁਰਮਾਨਾ ਲਗਾਇਆ ਜਾ ਸਕਦਾ ਹੈ।

ਕਿਸੇ ਵੀ ਗੁਡਜ਼ ਵਹੀਕਲ ਵਿਚ ਢੋਏ ਜਾ ਰਹੇ ਮਾਲ ਨਾਲ ਵਪਾਰੀ ਵਲੋਂ ਸਹੀ ਬਿੱਲ ਜਾਂ ਕਾਗਜ਼ ਨਾ ਦਿੱਤੇ ਜਾਣ ਦੀ ਸੂਰਤ ਵਿਚ ਟਰੱਕ ਨੂੰ ਵਿਕਰੀ ਕਰ ਦੀ ਧਾਰਾ 14 (ਬੀ) (6) ਵਿਚ ਰੋਕਿਆ ਜਾਂਦਾ ਹੈ ਅਤੇ ਪੜਤਾਲ ਤੋਂ ਬਾਅਦ ਜੇਕਰ ਵਪਾਰੀ ਦਾ ਇਰਾਦਾ ਟੈਕਸ ਨੂੰ ਚੋਰੀ ਕਰਨ ਵਾਲਾ ਪਾਇਆ ਜਾਂਦਾ ਹੈ ਤਾਂ ਉਸ ਹਾਲਤ ਵਿਚ ਵਪਾਰੀ ਨੂੰ ਕੁੱਲ ਮਾਲ ਦੀ ਕੀਮਤ ਤੇ 15% ਤੋਂ 30% ਤੱਕ ਜ਼ੁਰਮਾਨਾ ਅਦਾ ਕਰਨਾ ਪੈਂਦਾ ਹੈ।

**ਪੰਜਾਬ ਮਨੋਰੰਜਨ ਕਰ ਸਬੰਧੀ**

ਪੰਜਾਬ ਮਨੋਰੰਜਨ ਕਰ ਐਕਟ ਅਧੀਨ ਸਿਨੇਮਾ ਮਾਲਕਾਂ ਨੂੰ ਉਨ੍ਹਾਂ ਦੇ ਸਿਨੇਮੇ ਦੀ ਕੈਟਾਗਰੀ ਵਾਈਜ਼ ਜੋ ਕਿ ਏ.ਬੀ.ਸੀ.ਡੀ. ਹਨ, ਦੇ ਅਨੁਸਾਰ ਯਕਮੁਸ਼ਤ ਕਰ ਅਦਾ ਹੁੰਦਾ ਹੈ। ਇਸ ਉਪਰੰਤ ਉਹ ਹਰ ਪੰਦਰਵਾੜੇ ਬਾਅਦ ਵਿਕਰੀ ਕਰ ਦਫ਼ਤਰ ਗੋਸ਼ਵਾਰਾ ਦਾਇਰ ਕਰਦੇ ਹਨ।

ਕੇਬਲ ਟੀ.ਵੀ. ਵਾਲਿਆਂ ਨੂੰ ਸਲਾਨਾ 15000/- ਰੁ. ਅਤੇ ਵੀਡਿਓ ਨੂੰ 8000/- ਯਕਮੁਸ਼ਤ ਮਨੋਰੰਜਨ ਕਰ ਦੇਣਾ ਹੁੰਦਾ ਹੈ।

**ਆਬਕਾਰੀ ਟੈਕਟ ਅਧੀਨ ਨਵੀਨੀਕਰਨ**

ਲਾਇਸੈਂਸ ਐਲ-1, ਐਲ-3 ਏ, ਐਲ-4 ਏ, ਐਲ-5 ਏ ਅਤੇ ਐਲ-9, ਐਲ-12, ਐਲ-17 ਹਰ ਸਾਲ ਨਿਸ਼ਚਿਤ ਫੀਸ ਤੇ ਨਵਕ੍ਰਿਤ ਕੀਤੇ ਜਾਂਦੇ ਹਨ। ਇਨ੍ਹਾਂ ਨੂੰ ਨਵਿਆਉਣ ਵਾਸਤੇ ਅਰਜ਼ੀਆਂ 31 ਜਨਵਰੀ ਤੱਕ ਇਸ ਦਫ਼ਤਰ ਵਿਚ ਆਉਂਦੀਆਂ ਹਨ। ਦਫ਼ਤਰ ਵਲੋਂ ਸਾਰੇ ਕੇਸ ਤਿਆਰ ਕਰਕੇ 10 ਫਰਵਰੀ ਤੱਕ ਉਪ ਆਬਕਾਰੀ ਤੇ ਕਰ ਕਮਿਸ਼ਨਰ, ਮੰਡਲ ਨੂੰ ਨਵਕ੍ਰਿਤ ਕਰਨ ਵਾਸਤੇ ਭੇਜ ਦਿੱਤੇ ਜਾਂਦੇ ਹਨ, ਜੋ 28 ਫਰਵਰੀ ਤੱਕ ਨਵਕ੍ਰਿਤ ਕਰਨ ਉਪਰੰਤ ਇਸ ਦਫ਼ਤਰ ਨੂੰ ਭੇਜ ਦਿੰਦੇ ਹਨ। ਇਸ ਦਫ਼ਤਰ ਵਲੋਂ ਨੀਯਤ ਫੀਸ 31 ਮਾਰਚ ਤੋਂ ਪਹਿਲੇ ਵਸੂਲ ਕੀਤੀ ਜਾਂਦੀ ਹੈ। ਇਸ ਵਾਸਤੇ ਲਗਾਤਾਰ 3 ਮਹੀਨੇ ਦਾ ਸਮਾਂ ਲੱਗ ਜਾਂਦਾ ਹੈ।

**ਨੀਲਾਮ ਕੀਤੇ ਲਾਇਸੈਂਸ**

ਲਾਇਸੈਂਸ ਐਲ-13, ਐਲ-13 ਏ, ਐਲ-14, ਐਲ-2 ਆਮ ਬੋਲੀ ਵਿਚ ਦਿੱਤੇ ਜਾਂਦੇ ਹਨ, ਜਿਨ੍ਹਾਂ ਨੂੰ ਨੀਲਾਮ ਕਰਨ ਦੀ ਕਾਰਵਾਈ ਨਵੰਬਰ ਵਿਚ ਸ਼ੁਰੂ ਹੋ ਜਾਂਦੀ ਹੈ। ਮਾਰਚ ਮਹੀਨੇ ਵਿਚ ਨੀਲਾਮੀ ਹੋ ਜਾਂਦੀ ਹੈ। ਨੀਲਾਮੀ ਦੀ ਰਕਮ ਦਾ ਨੀਯਤ ਹਿੱਸਾ ਤਾਂ ਮਾਰਚ ਤੋਂ ਪਹਿਲਾਂ ਵਸੂਲ ਕਰ ਲਿਆ ਜਾਂਦਾ ਹੈ। ਬਾਕੀ ਰਕਮ ਬਰਾਬਰ ਕਿਸਤਾਂ ਵਿਚ ਦਸੰਬਰ ਮਹੀਨੇ ਤੱਕ ਵਸੂਲ ਕੀਤੀ ਜਾਂਦੀ ਹੈ। ਇਨ੍ਹਾਂ ਲਾਇਸੈਂਸਾਂ ਵਾਸਤੇ ਸਥਾਨ ਦੀ ਮੰਨਜ਼ੂਰੀ ਆਦਿ ਅਪ੍ਰੈਲ ਮਹੀਨੇ ਵਿਚ ਮੁਕੰਮਲ ਕਰ ਲਈ ਜਾਂਦੀ ਹੈ। ਇਸ ਕੰਮ ਵਿਚ ਲਗਭਗ 4 ਮਹੀਨੇ ਲੱਗ ਜਾਂਦੇ ਹਨ। ਆਬਕਾਰੀ ਤੇ ਕਰ ਅਫ਼ਸਰ (ਆਬਕਾਰੀ) ਆਪਣੇ ਜ਼ਿਲ੍ਹੇ ਵਿਚ ਪੈਂਦੇ ਸਰਕਲਾਂ ਦੇ ਇੰਸਪੈਕਟਰਾਂ ਦੇ ਨਾਲ ਨਜਾਇਜ਼ ਸ਼ਰਾਬ ਨੂੰ ਫੜਨ ਲਈ ਰੇਡ (ਅਚਨਚੇਤ ਛਾਪਾ ਮਾਰੀ) ਵੀ ਕਰਦੇ ਹਨ। ਬਾਕੀ ਫੁੱਟਕਲ ਕੰਮ ਰੈਵੀਨਿਉ ਇਕੱਠਾ ਕਰਨ ਦਾ ਸਾਰਾ ਸਾਲ ਚਲਦਾ ਰਹਿੰਦਾ ਹੈ।